

ਮਾਪਿਆਂ ਦੇ ਲਈ ਪੈਂਫਲੇਟ

# ਬੱਚਿਆਂ ਦੀ ਸਿੱਖਿਆ ਬਾਰੇ ਹੋਰ ਜਾਣਕਾਰੀ

## ਖੇਡ ਦੇ ਮਾਧਿਅਮ ਨਾਲ ਖੁਸ਼ੀ-ਖੁਸ਼ੀ ਸਿੱਖਣਾ
## ਹਰ ਤਰ੍ਹਾਂ ਨਾਲ ਸੰਤੁਲਿਤ ਵਿਕਾਸ


ਪਾਠਕ੍ਰਮ ਵਿਕਾਸ ਸੰਸਥਾ, ਸਿੱਖਿਆ ਬਿਊਰੋ
ਹਾਂਗਕਾਂਗ ਵਿਸ਼ੇਸ਼ ਪ੍ਰਬੰਧਕੀ ਖੇਤਰ ਦੀ ਸਰਕਾਰ

## ਬੱਚਿਆਂ ਦੀਆਂ ਵਿਸ਼ੇਸ਼ਤਾਵਾਂ ਕਿਹੜੀਆਂ ਹਨ ?

- **ਬੱਚੇ ਵਿਲੱਖਣ** ਤਰ੍ਹਾਂ ਦੇ ਹੁੰਦੇ ਹਨ ਜਿਨ੍ਹਾਂ ਦੀ ਸ਼ਖਸੀਅਤ, ਸਮਰੱਥਾ, ਰੁਚੀਆਂ ਅਤੇ ਵਿਕਾਸ ਦੀ ਰਫ਼ਤਾਰ ਵੱਖਰੀ ਹੁੰਦੀ ਹੈ।
- ਬੱਚੇ **ਉਤਸੁਕਤਾ ਨਾਲ ਭਰੇ** ਹੁੰਦੇ ਹਨ ਅਤੇ ਨਵੀਆਂ ਚੀਜ਼ਾਂ ਨੂੰ ਸਿੱਖਣ ਲਈ ਇੰਦਰੀਆਂ ਦੀ ਵਰਤੋਂ ਕਰਕੇ ਆਨੰਦ ਲੈਂਦੇ ਹਨ।
- ਬੱਚੇ **ਆਪਣੇ ਪੁਰਾਣੇ ਅਨੁਭਵਾਂ ਅਤੇ ਹੁਨਰ ਦੇ ਆਧਾਰ 'ਤੇ** ਸਿੱਖਣ ਦੇ ਵੱਖ-ਵੱਖ ਤਰੀਕੇ ਵਰਤਦੇ ਹਨ।
- ਬੱਚਿਆਂ ਨੂੰ **ਖੇਡਣਾ** ਅਤੇ ਆਪਣੇ ਦੋਸਤਾਂ ਦੇ ਨਾਲ ਨਕਲ ਦੇ ਮਾਧਿਅਮ ਨਾਲ ਕੁਝ ਨਵਾਂ ਕਰਨ ਵਿੱਚ ਸਰਗਰਮ ਭੂਮਿਕਾ ਨਿਭਾਉਣਾ **ਚੰਗਾ ਲੱਗਦਾ** ਹੈ।

## ਕਿੰਡਰਗਾਰਟਨ ਸਿੱਖਿਆ ਪਾਠਕ੍ਰਮ ਦੇ ਵਿਕਾਸ ਦੀ ਦਿਸ਼ਾ ਕੀ ਹੈ ?

''**ਬਾਲ-ਕੇਂਦ੍ਰਿਤ ਹੋਣਾ**'' ਕਿੰਡਰਗਾਰਟਨ ਸਿੱਖਿਆ ਪਾਠਕ੍ਰਮ ਦਾ ਮੁੱਖ ਬਿੰਦੂ ਹੈ। ਇਹ **ਨੈਤਿਕਤਾ, ਬੁੱਧੀ, ਸਰੀਰਕ, ਸਮਾਜਿਕ ਹੁਨਰ ਅਤੇ ਸੁਹਜ-ਸ਼ਾਸਤਰ** ਦੇ ਖੇਤਰ ਵਿੱਚ ਬੱਚਿਆਂ ਦੀ ਉਮਰ ਦੇ ਅਨੁਕੂਲ ਅਤੇ ਸੰਤੁਲਿਤ ਵਿਕਾਸ ਨੂੰ ਤਰਜੀਹ ਦਿੰਦਾ ਹੈ।



# ਕਿੰਡਰਗਾਰਟਨ ਸਿੱਖਿਆ ਪਾਠਕ੍ਰਮ ਦੇ ਉਦੇਸ਼ ਕੀ ਹਨ ?

- ਬੱਚਿਆਂ ਦਾ ਪਾਲਣ-ਪੋਸ਼ਣ ਕਰਨ ਲਈ
  - ਸਦਾਚਾਰ, ਬੁੱਧੀ, ਸਰੀਰ, ਸਮਾਜਿਕ ਕੁਸ਼ਲਤਾ ਅਤੇ ਸੁਹਜ ਬੋਧ ਦਾ ਸੰਤੁਲਿਤ ਵਿਕਾਸ
  - ਰਹਿਣ-ਸਹਿਣ ਦੀਆਂ ਚੰਗੀਆਂ ਆਦਤਾਂ ਦੇ ਨਾਲ ਹੀ ਤਕੜੇ ਅਤੇ ਤੰਦੁਰੁਸਤ ਸਰੀਰ ਦਾ ਵਿਕਾਸ
  - ਸਿੱਖਣ ਵਿੱਚ ਦਿਲਚਸਪੀ, ਸੁਚੇਤ ਮਨ ਅਤੇ ਕੁਝ ਨਵਾਂ ਕਰਨ ਦੀ ਉਤਸੁਕਤਾ
  - ਸਕਾਰਾਤਮਕ ਮੁੱਲ ਅਤੇ ਰਵੱਈਆ



# ਅਸੀਂ ਆਪਣੇ ਬੱਚਿਆਂ ਦੇ ਵਿਅਕਤੀਗਤ ਗੁਣਾਂ ਬਾਰੇ ਕੀ ਉਮੀਦ ਕਰਦੇ ਹਾਂ ?

- ਕਿੰਡਰਗਾਰਟਨ ਦੀ ਸਿੱਖਿਆ ਪੂਰੀ ਹੋਣ 'ਤੇ, ਸਾਡੇ ਬੱਚੇ **ਤੰਦੁਰਸਤ, ਖੁਸ਼, ਕਿਰਿਆਸ਼ੀਲ, ਜਿਗਿਆਸੂ, ਕਲਪਨਾਸ਼ੀਲ ਅਤੇ ਦੂਸਰਿਆਂ ਨਾਲ ਸੰਵਾਦ ਕਰਨ ਲਈ ਤਿਆਰ ਰਹਿਣਗੇ।**

''ਫਰੀ ਕੁਆਲਿਟੀ ਕਿੰਡਰਗਾਰਟਨ ਐਜੂਕੇਸ਼ਨ ਸਕੀਮ'' ਵਿੱਚ ਸ਼ਾਮਿਲ ਹੋਣ ਵਾਲੇ ਕਿੰਡਰਗਾਰਟਨ ਨੂੰ ਬੱਚਿਆਂ ਦੇ ਵਿਕਾਸ ਲਈ **ਸਕੂਲ-ਆਧਾਰਿਤ ਪਾਠਕ੍ਰਮ ਦੀ ਯੋਜਨਾ** ਬਣਾਉਣ ਲਈ ਪਾਠਕ੍ਰਮ ਵਿਕਾਸ ਪਰਿਸ਼ਦ ਦੁਆਰਾ ਤਿਆਰ ਕੀਤੇ ਗਏ ਪਾਠਕ੍ਰਮ ਗਾਈਡ ਦੇ ਸੰਦਰਭ ਦੇਣੇ ਚਾਹੀਦੇ ਹਨ ਅਤੇ ਉਪਰੋਕਤ ਦਰਸਾਏ ਗਏ ਪਾਠਕ੍ਰਮ ਦੇ ਉਦੇਸ਼ਾਂ ਅਤੇ **ਬੱਚਿਆਂ ਦਾ ਪਾਲਣ-ਪੋਸ਼ਣ ਕਰਨ ਲਈ ਢੁਕਵੀਂ ਸਿਖਲਾਈ ਅਤੇ ਸਿੱਖਿਆ ਦੀਆਂ ਰਣਨੀਤੀਆਂ ਲਾਗੂ ਕਰਨੀਆਂ** ਚਾਹੀਦੀਆਂ ਹਨ।



## ਬੱਚਿਆਂ ਦੇ ਸਿੱਖਣ ਲਈ ਅਨੁਕੂਲ ਮਾਹੌਲ ਦੇ ਕੀ ਮਾਇਨੇ ਹਨ ?

- ਬੱਚਿਆਂ ਨੂੰ ਇੱਕ **ਗ੍ਰਹਿਣਸ਼ੀਲ, ਉਤਸ਼ਾਹਜਨਕ ਅਤੇ ਸਹਾਇਕ ਮਾਹੌਲ** ਵਿੱਚ ਸਿੱਖਣਾ ਚਾਹੀਦਾ ਹੈ।
- ਗੈਰ-ਚੀਨੀ ਬੋਲਣ ਵਾਲੇ (ਟਕਛ) ਜਾਂ ਨਵੇਂ ਆਏ ਬੱਚਿਆਂ ਲਈ, ਸਹਿਜੇ-ਸਹਿਜੇ ਸਮਝ ਅਤੇ ਸਥਾਨਕ ਜੀਵਨ ਸ਼ੈਲੀ ਅਤੇ ਸਭਿਆਚਾਰ ਦੇ ਅਨੁਕੂਲ ਢਾਲਣ ਨਾਲ ਉਨ੍ਹਾਂ ਨੂੰ ਸ਼ੁਰੂਆਤੀ ਪੱਧਰ 'ਤੇ ਕਿੰਡਰਗਾਰਟਨ ਅਤੇ ਸਮਾਜਿਕ ਜੀਵਨ ਨਾਲ ਜੋੜਨ ਵਿੱਚ ਮਦਦ ਮਿਲ ਸਕਦੀ ਹੈ।

## ਬੱਚੇ ਕਿੰਡਰਗਾਰਟਨ ਵਿੱਚ ਕੀ ਸਿੱਖਦੇ ਹਨ ?

ਕਿੰਡਰਗਾਰਟਨ ਸਿੱਖਿਆ ਪਾਠਕ੍ਰਮ ਦੇ ਢਾਂਚੇ ਵਿੱਚ ਤਿੰਨ ਆਪਸ ਵਿੱਚ ਜੁੜੇ ਹੋਏ ਘਟਕ ਸ਼ਾਮਿਲ ਹਨ, ਜਿਨ੍ਹਾਂ ਦੇ ਨਾਂ **''ਮੁੱਲ ਅਤੇ ਰਵੱਈਆ''**, **''ਹੁਨਰ''** ਅਤੇ **''ਗਿਆਨ''** ਹਨ, ਅਤੇ ਇਸ ਦੇ ਨਾਲ ਹੀ **''ਸਵੈ ਅਤੇ ਸਮਾਜ''**, **''ਪ੍ਰਕਿਰਤੀ ਅਤੇ ਜੀਵਨ''**, **''ਸਰੀਰਕ ਤੰਦਰੁਸਤੀ ਅਤੇ ਸਿਹਤ''**, **''ਕਲਾ ਅਤੇ ਰਚਨਾਤਮਕਤਾ''** **ਸ਼ੁਰੂਆਤੀ ਬਚਪਨ ਦਾ ਹਿਸਾਬ** ਅਤੇ **ਭਾਸ਼ਾ** ਸਮੇਤ ਸਿੱਖਣ ਦੇ ਛੇ ਖੇਤਰ ਵੀ ਇਸ ਵਿੱਚ ਸ਼ਾਮਿਲ ਹੁੰਦੇ ਹਨ।






# ਬੱਚੇ ਕਿੰਡਰਗਾਰਟਨ ਵਿੱਚ ਕਿਵੇਂ ਸਿੱਖਦੇ ਹਨ ?

## ਏਕੀਕ੍ਰਿਤ ਪਹੁੰਚ ਅਤੇ ਅਸਲੀ ਜੀਵਨ ਦੇ ਵਿਸ਼ੇ

- ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਦੇ ਉਲਟ, **ਕਿੰਡਰਗਾਰਟਨ ਦੇ ਪਾਠਕ੍ਰਮ ਵਿੱਚ ਵਿਸ਼ੇ ਦੀ ਸਿੱਖਿਆ ਸ਼ਾਮਿਲ ਨਹੀ ਹੈ**। ਇਸ ਦੇ ਬਜਾਇ ਇਹ ਬੱਚਿਆਂ ਦੀਆਂ ਰੁਚੀਆਂ, ਉਨ੍ਹਾਂ ਦੇ ਵਿਕਾਸ ਕ੍ਰਮ, ਸਮਰੱਥਾ ਅਤੇ ਪੂਰਵ ਗਿਆਨ ਉੱਤੇ ਧਿਆਨ ਦਿੰਦਾ ਹੈ। **ਅਸਲ ਜੀਵਨ ਦੇ ਵਿਸ਼ੇ** ਜਿਵੇਂ ਕਿ ਬੱਚਿਆਂ ਦੇ ਜੀਵਨ ਨਾਲ ਸੰਬੰਧਤ ਵਿਸ਼ਿਆਂ ਦੀ ਵਰਤੋਂ ਕਰਕੇ, ਵੱਖੋ-ਵੱਖਰੇ ਸਿੱਖਣ ਦੇ ਖੇਤਰਾਂ ਦੀ ਸਮੱਗਰੀ ਨੂੰ ਏਕੀਕ੍ਰਿਤ ਕਰਨਾ ਅਤੇ ਜੋੜਨਾ ਅਤੇ ਜੀਵਨ ਦੇ ਅਨੁਭਵਾਂ ਨੂੰ ਸ਼ਾਮਿਲ ਕਰਕੇ ਬੱਚਿਆਂ ਦੀ ਸਿੱਖਣ ਵਿੱਚ ਦਿਲਚਸਪੀ ਹੌਲੀ-ਹੌਲੀ ਵੱਧ ਜਾਂਦੀ ਹੈ ਅਤੇ ਸਿੱਖਣਾ ਸਾਰਥਕ ਹੋ ਜਾਂਦਾ ਹੈ ਕਿਉਂਕਿ ਬੱਚੇ ਸਿੱਖੀਆਂ ਹੋਈਆਂ ਗੱਲਾਂ ਨੂੰ ਵਿਹਾਰ ਵਿੱਚ ਵੀ ਲਿਆ ਸਕਦੇ ਹਨ।

## ਖੇਡ ਰਾਹੀਂ ਸਿੱਖਣਾ

- ਜਮਾਤ ਵਿੱਚ ਉਪਯੁਕਤ ਅਤੇ ਵਿਭਿੰਨਤਾਪੂਰਣ ਡਰਾਮਾ ਤਿਆਰ ਕਰਨਾ ਮੁਖ ਸਿਖਲਾਈ ਅਤੇ ਸਿੱਖਿਆ ਰਣਨੀਤੀ ਹੈ ਅਤੇ ਇਹ ਬੱਚਿਆਂ ਵਿੱਚ ਸਿੱਖਣ ਦੀ ਪ੍ਰੇਰਨਾ ਅਤੇ ਦਿਲਚਸਪੀ ਨੂੰ ਵਧਾ ਸਕਦਾ ਹੈ, ਜਿਵੇਂ ਕਿ ਸੰਚਾਰ ਕੁਸ਼ਲਤਾ, ਸਮੱਸਿਆ ਸੁਲਝਾਉ ਹੁਨਰ, ਰਚਨਾਤਮਕ ਸੋਚ, ਸਰੀਰਕ ਵਿਕਾਸ ਅਤੇ ਸਕਾਰਾਤਮਕ ਮੁੱਲਾਂ ਅਤੇ ਰਵੱਈਆ ਨੂੰ ਉਤਸ਼ਾਹਿਤ ਕਰਨ ਵਿੱਚ ਮਦਦ ਕਰਕੇ **ਉਨ੍ਹਾਂ ਦੇ ਬੋਧਾਤਮਕ, ਸਰੀਰਕ ਅਤੇ ਮਨੋਵਿਗਿਆਨਕ ਵਿਕਾਸ ਨੂੰ ਸੁਖਾਲਾ ਬਣਾ ਸਕਦਾ ਹੈ**।

## ਦਿਲਚਸਪ ਭਾਸ਼ਾਈ ਗਤੀਵਿਧੀਆਂ

- **ਬੱਚਿਆਂ ਦੀਆਂ ਵਿਕਾਸਾਤਮਕ ਲੋੜਾਂ ਅਤੇ ਭਾਸ਼ਾ ਦੀ ਸਮਰੱਥਾ ਨੂੰ ਧਿਆਨ ਵਿੱਚ ਰੱਖਦੇ ਹੋਏ**, ਕਿੰਡਰਗਾਰਟਨ ਰੋਜ਼ਾਨਾ ਜੀਵਨ ਤੋਂ ਸਰੋਤਾਂ ਦੀ ਵਰਤੋਂ ਕਰਕੇ ਇੱਕ ਭਾਸ਼ਾ-ਸੰਪੂਰਨ ਮਾਹੌਲ ਮੁਹੱਈਆ ਕਰਾ ਸਕਦੇ ਹਨ। ਦਿਲਚਸਪ ਸੁਣਨ ਅਤੇ ਬੋਲਣ ਦੀਆਂ ਗਤੀਵਿਧੀਆਂ ਜਿਵੇਂ ਕਿ ਬੱਚਿਆਂ ਦੇ ਗਾਣੇ ਗਾਉਣਾ, ਕਹਾਣੀਆਂ ਸੁਣਨਾ ਅਤੇ ਦੈਨਿਕ ਵਾਰਤਾਲਾਪ ਦੇ ਮਾਧਿਅਮ ਨਾਲ, **ਕਿੰਡਰਗਾਰਟਨ ਬੱਚਿਆਂ ਨੂੰ ਦੂਸਰਿਆਂ ਦੇ ਨਾਲ ਭਾਸ਼ਾ ਅਤੇ ਸੰਚਾਰ ਦੀ ਵਰਤੋਂ ਕਰਨ ਵਿੱਚ ਆਤਮ-ਵਿਸ਼ਵਾਸ ਵਿਕਸਤ ਕਰਨ** ਵਿੱਚ ਵੀ ਮਦਦ ਕਰ ਸਕਦੇ ਹਨ। ਬੱਚਿਆਂ ਵਿੱਚ ਕਲਾ-ਕੌਸ਼ਲ ਦੇ ਵਿਕਾਸ ਲਈ ਇਹ ਜ਼ਰੂਰੀ ਹੈ ਕਿ K2 ਤੋਂ ਬੱਚਿਆਂ ਨੂੰ ਪੈਨਸਿਲ ਫੜਨੀ ਅਤੇ ਲਿਖਣਾ ਸਿਖਾਇਆ ਜਾਵੇ। ਇਸ ਲਈ **K1 ਵਾਲੇ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਪੈਨਸਿਲ ਫੜਨ ਅਤੇ ਲਿਖਣ ਲਈ ਕਹਿਣਾ ਜ਼ਰੂਰੀ ਨਹੀਂ ਹੈ**।

EDB ਦੀ ਵੈੱਬਸਾਈਟ (www.edb.gov.hk) ਸੰਬੰਧਤ ਜਾਣਕਾਰੀ ਮੁਹੱਈਆ ਕਰਦੀ ਹੈ। ਕਿਰਪਾ ਕਰਕੇ ਜਾਣਕਾਰੀ ਪ੍ਰਾਪਤ ਕਰਨ ਲਈ ਸੱਜੇ ਪਾਸੇ ਬਣੇ QR ਕੋਡ ਨੂੰ ਸਕੈਨ ਕਰੋ।


# ਮਾਪੇ ਕਿੰਡਰਗਾਰਟਨ ਦੇ ਨਾਲ ਕਿਵੇਂ ਸਹਿਯੋਗ ਕਰਕੇ ਬੱਚਿਆਂ ਦੇ ਤੰਦੁਰਸਤ ਵਾਧੇ ਅਤੇ ਪਿਆਰ ਕਰਨਾ ਸਿੱਖਣ ਵਿੱਚ ਮਦਦ ਕਰ ਸਕਦੇ ਹਨ ?

- **ਬੱਚਿਆਂ 'ਤੇ ਮਾਂ-ਬਾਪ ਦੀਆਂ ਉਮੀਦਾਂ, ਬੱਚਿਆਂ ਦਾ ਪਾਲਣ-ਪੋਸਣ, ਰੋਜ਼ਾਨਾ ਦੀ ਗੱਲਬਾਤ ਅਤੇ ਮਨੋਰੰਜਕ ਗਤੀਵਿਧੀਆਂ ਦੇ ਪ੍ਰਬੰਧ** ਇਹ ਸਭ ਬੱਚਿਆਂ ਦੇ ਸਿੱਖਣ ਅਤੇ ਵਿਕਾਸ ਉੱਤੇ ਡੂੰਘਾ ਪ੍ਰਭਾਵ ਪਾਉਂਦੇ ਹਨ।
- ਰੋਜ਼ਾਨਾ ਜੀਵਨ ਵਿੱਚ ਮਾਪੇ, ਬੱਚਿਆਂ ਦੀ **ਸਵੈ-ਸੰਭਾਲ ਸਮਰੱਥਾ, ਜੀਵਨ-ਜਾਚ ਅਤੇ ਸਿਹਤਮੰਦ ਜੀਵਨ-ਸ਼ੈਲੀ** ਨੂੰ ਕਦਮ-ਦਰ-ਕਦਮ ਵਧਾ ਸਕਦੇ ਹਨ। ਉਦਾਹਰਨ ਦੇ ਲਈ, ਮਾਪੇ ਆਪਣੇ ਬੱਚਿਆਂ ਨੂੰ ਆਪਣਾ ਸਕੂਲ ਬੈਗ ਪੈਕ ਕਰਨਾ ਅਤੇ ਆਪਣੇ ਖਿਡੌਣੇ ਸਾਫ਼ ਕਰਨਾ, ਕੱਪੜੇ ਅਤੇ ਜੁੱਤੀ ਪਾਉਣਾ ਸਿਖਾ ਸਕਦੇ ਹਨ। ਉਨ੍ਹਾਂ ਨੂੰ ਸਿਰਫ਼ ਖਾਣਾ ਖਾਣ ਲਾਇਕ ਹੀ ਨਾ ਬਣਾ ਕੇ ਸਗੋਂ ਉਨ੍ਹਾਂ ਵਿੱਚ ਪੜ੍ਹਾਈ ਦੇ ਲਈ ਦਿਲਚਸਪੀ ਅਤੇ ਕਸਰਤ ਕਰਨ ਦੀ ਆਦਤ ਵਿਕਸਤ ਕਰਨ ਦੇ ਨਾਲ ਹੀ ਸਮੇਂ ਸਿਰ ਸੌਣ ਅਤੇ ਕੰਮ ਕਰਨ ਦਾ ਨੇਮ ਵੀ ਬਣਾ ਸਕਦੇ ਹਨ।



- ਬੱਚਿਆਂ ਨੂੰ ਪ੍ਰਾਇਮਰੀ ਵਿੱਚ ਦਾਖ਼ਲ ਕਰਾਉਣ ਤੋਂ ਪਹਿਲਾਂ, ਮਾਪੇ ਪ੍ਰਾਇਮਰੀ ਦੇ ਜੀਵਨ ਅਤੇ ਸਿੱਖਣ ਦੇ ਢੰਗਾਂ ਨੂੰ ਸਮਝਣ ਲਈ ਕਿੰਡਰਗਾਰਟਨ ਅਤੇ ਪ੍ਰਾਇਮਰੀ ਸਕੂਲਾਂ ਦੁਆਰਾ ਆਯੋਜਿਤ ਕਿੰਡਰਗਾਰਟਨ ਅਤੇ ਪ੍ਰਾਇਮਰੀ ਸਿੱਖਿਆ ਵਿਚਲੇ ਇੰਟਰਫੇਸ ਨਾਲ ਸੰਬੰਧਤ ਗਤੀਵਿਧੀਆਂ ਵਿੱਚ ਹਿੱਸਾ ਲੈ ਸਕਦੇ ਹਨ। ਜੇਕਰ ਉਨ੍ਹਾਂ ਦੇ ਮਨ ਵਿੱਚ ਕਿਸੇ ਵੀ ਤਰ੍ਹਾਂ ਦਾ ਸਵਾਲ ਹੈ ਤਾਂ ਉਹ ਸਕੂਲ ਤੋਂ ਪੁੱਛ ਸਕਦੇ ਹਨ। ਮਾਪਿਆਂ ਦੇ ਲਈ **ਕਿੰਡਰਗਾਰਟਨ ਦੇ ਬੱਚਿਆਂ ਨੂੰ** ਪ੍ਰਾਇਮਰੀ ਸਕੂਲਾਂ ਦੇ ਲਈ ਪਾਠਕ੍ਰਮ ਯਾਦ ਕਰਨ, **ਪਹਿਲਾਂ ਤੋਂ ਹੀ ਔਖੇ ਸ਼ਬਦਾਂ ਨੂੰ ਰਟਣਾ ਜਾਂ ਕਿਸੇ ਲਿਖਤ ਨੂੰ ਯਾਦ ਕਰਨਾ ਜਾਂ ਮਕੈਨੀਕਲ ਤਰੀਕੇ ਨਾਲ ਨਕਲ ਕਰਨ ਦੀ ਲੋੜ ਨਹੀਂ ਹੋਣੀ ਚਾਹੀਦੀ** ਕਿਉਂਕਿ ਇਹ ਬੱਚਿਆਂ ਵਿੱਚ ਸਿੱਖਣ ਦੀ ਦਿਲਚਸਪੀ ਨੂੰ ਘੱਟ ਕਰ ਸਕਦਾ ਹੈ ਅਤੇ ਉਨ੍ਹਾਂ ਦੇ ਸਰੀਰਕ ਅਤੇ ਮਨੋਵਿਗਿਆਨਕ ਵਿਕਾਸ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ। ਮਾਪਿਆਂ ਲਈ ਇਹ ਵੀ ਜ਼ਰੂਰੀ ਨਹੀਂ ਹੈ ਕਿ ਉਹ ਆਪਣੇ ਬੱਚਿਆਂ ਨੂੰ ਪ੍ਰਾਇਮਰੀ ਵਨ ਵਿੱਚ ਦਾਖ਼ਲੇ ਦੀ ਤਿਆਰੀ ਲਈ ਕਿਸੇ ਇੰਟਰਵਿਊ ਕਲਾਸ ਜਾਂ ਟੂਟੋਰੀਅਲ ਕਲਾਸ ਵਿੱਚ ਭੇਜਣ ਦਾ ਇੰਤਜ਼ਾਮ ਕਰਨ ਕਿਉਂਕਿ ਇਸ ਤਰ੍ਹਾਂ ਨਾਲ ਬੱਚੇ ਦਬਾਅ ਮਹਿਸੂਸ ਕਰਨਗੇ ਅਤੇ ਲਗਾਤਾਰ ਸਿੱਖਿਆ ਗ੍ਰਹਿਣ ਕਰਨ ਵਿੱਚ ਉਨ੍ਹਾਂ ਦੀ ਦਿਲਚਸਪੀ ਘੱਟ ਜਾਵੇਗੀ।

- ਜੇਕਰ ਮਾਪੇ **ਕਿੰਡਰਗਾਰਟਨ ਸਿੱਖਿਆ ਪਾਠਕ੍ਰਮ ਦੇ ਉਦੇਸ਼ਾਂ ਨਾਲ ਸਹਿਮਤ ਹਨ**, ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਸਕੂਲਾਂ ਜਾਂ ਸਮੁਦਾਇ ਦੁਆਰਾ ਆਯੋਜਿਤ ਮਾਪਿਆਂ ਲਈ ਗੱਲਬਾਤ ਅਤੇ ਵਰਕਸ਼ਾਪਾਂ ਵਿੱਚ ਸਰਗਰਮ ਤੌਰ ਤੇ ਹਿੱਸਾ ਲੈਣ ਅਤੇ ਅਧਿਆਪਕਾਂ ਦੇ ਨਾਲ ਮਿਲ ਕੇ ਕੰਮ ਕਰਕੇ ਬੱਚਿਆਂ ਦੀ ਭਲਾਈ ਉੱਤੇ ਧਿਆਨ ਦੇਣ। ਇਹ ਬੱਚਿਆਂ ਦੇ ਵਿਆਪਕ ਅਤੇ ਸੰਤੁਲਿਤ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਫ਼ਾਇਦੇਮੰਦ ਹੋਵੇਗਾ।




ਕਿੰਡਰਗਾਰਟਨ ਅਤੇ ਪ੍ਰਾਇਮਰੀ ਸਿੱਖਿਆ ਦੇ ਵਿਚਕਾਰਲੇ ਇੰਟਰਫੇਸ ਨਾਲ ਸੰਬੰਧਤ ਮਾਪਦੰਡਾਂ ਦੇ ਲਈ ਕਿਰਪਾ ਕਰਕੇ ''ਕਿੰਡਰਗਾਰਟਨ ਤੋਂ ਪ੍ਰਾਇਮਰੀ ਸਕੂਲ ਤੱਕ ਸਹੀ ਤਰੀਕੇ ਨਾਲ ਸੰਚਾਲਨ ਕਰਨਾ'' (ਸਿਰਫ਼ ਚੀਨੀ ਸੰਸਕਰਣ) ਵਾਲੇ ਕਿਤਾਬਚੇ ਨੂੰ EDB ਦੀ ਵੈੱਬਸਾਈਟ (www.edb.gov.hk) 'ਤੇ ਜਾ ਕੇ ਜਾਂ ਸੱਜੇ ਪਾਸੇ QR ਕੋਡ ਨੂੰ ਸਕੈਨ ਕਰਕੇ ਡਾਊਨਲੋਡ ਕਰੋ।